The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702,
www.redcleaning.co.nz

22 February2020 Daily, editornztasveer@gmail.com designnztasveer@gmail.com Ph/Fax: 09 390 4644

## ਗ੍ਰੇਸ ਮਿਲਾਨੇ ਕਤਲ ਮਾਮਲਾ : ਡੇਟਿੰਗ ਐਪ ਤੇ ਮਿਲੇ ਸ਼ਖਸ ਨੇ ਹੀ ਕੀਤੀ ਸੀ ਹੱਤਿਆ





ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) : ਮੌਜੂਦਾ ਸਮੇਂ ਵਿਚ ਡੇਟਿੰਗ ਐਪ ਦਾ ਕਾਫੀ ਚਲਨ ਹੈ। ਲੋਕ ਬਿਹਤਰ ਜੀਵਨਸਾਥੀ ਦੀ ਤਲਾਸ਼ ਵਿਚ ਇਸ ਤਰ੍ਹਾਂ ਦੇ ਐਪ ਦੀ ਵਰਤੋਂ ਕਰਦੇ ਹਨ ਅਤੇ ਕਈ ਵਾਰ ਕਿਸੇ ਵੀ ਅਜਨਬੀ ਨੂੰ ਮਿਲਣ ਲਈ ਪਹੁੰਚ ਜਾਂਦੇ ਹਨ। ਅਕਸਰ ਅਜਿਹਾ ਕਰਨਾ ਜਾਨਲੇਵਾ ਸਾਬਤ ਹੁੰਦਾ ਹੈ। ਅਜਿਹਾ ਹੀ ਕੁਝ ਨਿਊਜ਼ੀਲੈਂਡ ਵਿਚ ਬ੍ਰਿਟਿਸ਼ ਕੁੜੀ ਨਾਲ ਹੋਇਆ। ਇੱਥੇ ਇਕ ਅਜਨਬੀ ਸ਼ਖਸ ਨੂੰ ਮਿਲਣ ਪਹੁੰਚੀ ਗ੍ਰੇਸ ਮਿਲਾਨੇ ਨਾਮ ਦੀ ਕੁੜੀ ਦੀ ਉਸ ਦੇ 22ਵੇਂ ਜਨਮਦਿਨ ਮੌਕੇ ਹੱਤਿਆ ਕਰ ਦਿੱਤੀ ਗਈ।

**ਜੱਜ ਨੇ ਸੁਣਾਈ ਸਜ਼ਾ**

ਘਟਨਾ ਦਸੰਬਰ 2018 ਦੀ ਹੈ। ਲੋਕਾਂ ਲਈ ਸੁਰੱਖਿਅਤ ਸਮਝੇ ਜਾਣ ਵਾਲੇ ਨਿਊਜ਼ੀਲੈਂਡ ਨੂੰ ਇਸ ਹੱਤਿਆਕਾਂਡ ਨੇ ਹਿਲਾ ਕੇ ਰੱਖ ਦਿੱਤਾ ਸੀ। ਇਸ ਮਾਮਲੇ ਵਿਚ ਦੋਸ਼ੀ ਵਿਅਕਤੀ ਦਾ ਪਤਾ ਚੱਲ ਚੁੱਕਿਆ ਹੈ ਅਤੇ ਉਸ ਨੂੰ ਸ਼ੁੱਕਰਵਾਰ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਗਈ। ਉਸ ਨੇ ਬ੍ਰਿਟੇਨ ਦੀ ਰਹਿਣ ਵਾਲੀ ਮਿਲਾਨੇ ਦੀ ਹੱਤਿਆ ਕਰ ਦਿੱਤੀ ਸੀ। ਉਹ ਉਸ ਨਾਲ ਡੇਟਿੰਗ ਐਪ ਟਿੰਡਰ 'ਤੇ ਮਿਲੀ ਸੀ। 28 ਸਾਲ ਦੇ ਦੋਸ਼ੀ ਨੂੰ 17 ਸਾਲ ਬਿਨਾਂ ਜ਼ਮਾਨਤ ਦੇ ਜੇਲ ਵਿਚ ਰਹਿਣਾ ਹੋਵੇਗਾ। ਜਾਣਕਾਰੀ ਮੁਤਾਬਕ ਮਿਲਾਨੇ ਆਪਣੀ ਗ੍ਰੈਜੁਏਸ਼ਨ ਦੇ ਬਾਅਦ ਦੁਨੀਆ ਘੁੰਮਣ ਲਈ ਨਿਕਲੀ ਸੀ, ਇਸੇ ਦੌਰਾਨ ਉਹ ਆਕਲੈਂਡ ਗਈ ਪਰ ਇੱਥੇ ਆਉਣ ਦੇ ਕੁਝ ਦਿਨ ਬਾਅਦ ਹੀ ਉਹ ਆਪਣੇ 22ਵੇਂ ਜਨਮਦਿਨ 'ਤੇ ਲਾਪਤਾ ਹੋ ਗਈ।

**ਦੋਸ਼ੀ ਸ਼ਖਸ ਮਿਲਾਨੇ ਨਾਲ ਗਿਆ ਸੀ ਹੋਟਲ**

ਮਿਲਾਨੇ ਆਪਣੇ ਜਨਮਦਿਨ ਦੀ ਸ਼ਾਮ ਪਹਿਲੀ ਵਾਰ ਦੋਸ਼ੀ ਸ਼ਖਸ ਨੂੰ ਮਿਲੀ ਸੀ। ਉਸੇ ਸ਼ਾਮ ਦੋਵੇਂ ਕਈ ਬਾਰ (bars)ਵਿਚ ਗਏ ਅਤੇ ਅਖੀਰ ਵਿਚ ਇਕ ਹੋਟਲ ਵਿਚ ਪਹੁੰਚੇ। ਦੋਸ਼ੀ ਨੇ ਕਿਹਾ ਸੀ ਕਿ ਮਿਲਾਨੇ ਦੀ ਮੌਤ ਸਰੀਰਕ ਸਬੰਧ ਬਣਾਉਂਦੇ ਸਮੇਂ ਉਸ ਦੀ ਗਲਤੀ ਕਾਰਨ ਹੀ ਹੋਈ ਸੀ।ਉਸ ਸਮੇਂ ਦੋਵੇਂ ਨਸ਼ੇ ਵਿਚ ਸਨ। ਭਾਵੇਂਕਿ ਕੋਰਟ ਨੇ ਉਸ ਦੀਆਂ ਇਹਨਾਂ ਗੱਲਾਂ ਨੂੰ ਖਾਰਿਜ ਕਰ ਦਿੱਤਾ। ਮਾਮਲੇ ਦੀ ਸੁਣਵਾਈ ਕਰ ਰਹੇ ਜੱਜ ਸਿਮਨ ਮੂਰੇ ਨੇ ਦੋਸ਼ੀ ਸ਼ਖਸ ਦਾ ਨਾਮ ਪ੍ਰਕਾਸ਼ਿਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

**ਪੋਸਟਮਾਰਟਮ ਰਿਪੋਰਟ 'ਚ ਹੋਇਆ ਖੁਲਾਸਾ**

ਮੂਰੇ ਨੇ ਆਕਲੈਂਡ ਹਾਈਕੋਰਟ ਵਿਚ ਸ਼ੁੱਕਰਵਾਰ ਨੂੰ ਕਿਹਾ ਕਿ ਦੋਸ਼ੀ ਨੇ ਮਿਲਾਨੇ 'ਤੇ ਕੋਈ ਹਮਦਰਦੀ ਨਹੀਂ ਦਿਖਾਈ ਜਦਕਿ ਉਹ ਇਕ ਅਜਨਬੀ ਸ਼ਹਿਰ ਵਿਚ ਉਸ ਦੇ ਅਣਜਾਣ ਹੋਣ ਦੇ ਬਾਵਜੂਦ ਉਸ ਨਾਲ ਮਿਲਣ ਆਈ ਸੀ। ਜੱਜ ਨੇ ਇਸ ਦੌਰਾਨ ਦੱਸਿਆ ਕਿ ਦੋਸ਼ੀ ਨੇ ਮਿਲਾਨੇ ਦੀ ਮੌਤ ਦੇ ਬਾਅਦ ਅਸ਼ਲੀਲ ਵੀਡੀਓ ਦੇਖੇ, ਮ੍ਰਿਤਕਾ ਦੀ ਲਾਸ਼ ਦੀਆਂ ਤਸਵੀਰਾਂ ਲਈਆਂ ਅਤੇ ਉਸੇ ਰਾਤ ਟਿੰਡਰ 'ਤੇ ਹੀ ਇਕ ਹੋਰ ਮਹਿਲਾ ਨਾਲ ਡੇਟ ਵੀ ਸੈੱਟ ਕਰ ਲਈ। ਨਿਊਜ਼ੀਲੈਂਡ ਵਿਚ ਉਮਰ ਕੈਦ ਦੀ ਸਜ਼ਾ ਘੱਟੋ-ਘੱਟ 10 ਸਾਲ ਅਤੇ ਵੱਧ ਤੋਂ ਵੱਧ 17 ਸਾਲ ਹੁੰਦੀ ਹੈ।

ਉੱਥੇ ਪੋਸਟਮਾਰਟਮ ਰਿਪੋਰਟ ਵਿਚ ਇਸ ਗੱਲ ਦਾ ਖੁਲਾਸਾ ਹੋਇਆ ਸੀ ਕਿ ਗ੍ਰੇਸ ਦੀ ਮੌਤ ਗਰਦਨ 'ਤੇ ਦਬਾਅ ਪੈਣ ਕਾਰਨ ਹੋਈ ਸੀ। ਉਸ ਦੀ ਮੌਤ ਦੇ ਇਕ ਹਫਤੇ ਬਾਅਦ ਉਸ ਦੀ ਲਾਸ਼ ਆਕਲੈਂਡ ਦੀ ਇਕ ਜਗ੍ਹਾ ਵਿਚ ਲੱਕੜ ਦੇ ਬਕਸੇ ਵਿਚ ਬਰਾਮਦ ਹੋਈ ਸੀ।

**ਪਰਿਵਾਰ ਨੇ ਜ਼ਾਹਰ ਕੀਤਾ ਦੁੱਖ**

ਗ੍ਰੇਸ ਮਿਲਾਨੇ ਦੇ ਪਰਿਵਾਰ ਨੇ ਸੁਣਵਾਈ ਦੌਰਾਨ ਕਾਫੀ ਦੁੱਖ ਜ਼ਾਹਰ ਕੀਤਾ। ਉਸ ਦੇ ਭਰਾ ਨੇ ਕਿਹਾ ਕਿ ਗ੍ਰੇਸ ਮਿਲਾਨੇ ਨੂੰ ਬਿਨਾਂ ਕਿਸੇ ਕਾਰਨ ਮਾਰਿਆ ਗਿਆ। ਉਸ ਦੀ ਮਾਂ ਦਾ ਕਹਿਣਾ ਹੈਕਿ ਉਹਨਾਂ ਨੇ ਨਾ ਸਿਰਫ ਆਪਣੀ ਬੇਟੀ ਸਗੋਂ ਸਭ ਤੋਂ ਚੰਗੀ ਦੋਸਤ ਗਵਾ ਦਿੱਤੀ। ਮਾਮਲੇ ਵਿਚ ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਪਹਿਲਾਂ ਹੀ ਮੁਆਫੀ ਮੰਗ ਚੁੱਕੀ ਹੈ।

## ਟਾਈਮਜ ਮੈਗਜੀਨ ਦੇ ਕਵਰ 'ਤੇ ਛਾਪੀ ਗਈ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਦੀ ਤਸਵੀਰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਕ੍ਰਾਈਸਟਚਰਚ ਦੇ ਅੱਤਵਾਦੀ ਹਮਲੇ ਤੋਂ ਬਾਅਦ ਲੰਘੇ ਸਾਲ ਨੂੰ ਯਾਦ ਕਰਨ ਲਈ, ਪ੍ਰਧਾਨ ਮੰਤਰੀ ਜਸ਼ਿੰਦਾ ਆਡਰਨ ਨੂੰ ਟਾਈਮ ਮੈਗਜ਼ੀਨ ਦੇ ਅੰਤਰਰਾਸ਼ਟਰੀ ਸੰਸਕਰਣ ਦੇ ਮੁੱਖ ਪੇਜ 'ਤੇ ਥਾਂ ਮਿਲੀ ਹੈ। ਜੋ ਕਿ ਪੂਰੇ ਨਿਊਜੀਲੈਂਡ ਵਾਸੀਆਂ ਲਈ ਮਾਣ ਵਾਲੀ ਗੱਲ ਕਹੀ ਜਾ ਸਕਦੀ ਹੈ। 15 ਮਾਰਚ ਦੇ ਹਮਲਿਆਂ ਦੇ ਮੱਦੇਨਜ਼ਰ ਸ਼੍ਰੀਮਤੀ ਆਡਰਨ ਦੇ ਗਲੋਬਲ ਰਾਜਨੀਤਿਕ ਪ੍ਰਸਿੱਧੀ ਵੱਲ ਵਧਣ 'ਤੇ ਕੇਂਦ੍ਰਤ ਹੈ।ਇਸ ਤੋਂ ਬਿਨਾਂ ਵਾਈਟ ਆਈਲੈਂਡ, ਖਸਰੇ ਦੇ ਪ੍ਰਕੋਪ ਵਰਗੀਆ ਖਾਸ ਮੁਸ਼ਕਿਲਾਂ ਵਿੱਚ ਦੇਸ਼ ਦੀ ਪ੍ਰਤੀਨਿਧਤਾ ਕਰਨ ਕਰਕੇ ਮੈਗਜੀਨ ਨੇ ਆਰਡਨ ਨੂੰ ਵਿਸ਼ੇਸ਼ ਥਾਂ ਦਿੱਤੀ ਹੈ। ਮੈਗਜੀਨ ਵਲੋਂ ਇਸ ਦਾ ਟੀਜਰ ਅੱਜ ਸਵੇਰੇ ਪ੍ਰਕਾਸ਼ਿਤ ਕੀਤਾ ਗਿਆ, ਜਿਸ ਨੂੰ ਨਿਊਜੀਲੈਂਡ ਵਾਸੀਆਂ ਸਮੇਤ ਦੁਨੀਆਂ ਭਰ ਵਿੱਚ ਬਹੁਤ ਪਸੰਦ ਕੀਤਾ ਗਿਆ।




## ਨਿਊਜੀਲੈਂਡ ਦੇ ਤੇਜ਼ ਗੇਂਦਬਾਜ਼ ਨੀਲ ਵੈਗਰਨ ਦੇ ਘਰ ਆਈ ਨੰਨ੍ਹੀ ਪਰੀ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵੇਲਿੰਗਟਨ 'ਚ ਭਾਰਤ ਅਤੇ ਨਿਊਜੀਲੈਂਡ ਵਿਚਾਲੇ ਦੋ ਮੈਚਾਂ ਦੀ ਟੈਸਟ ਸੀਰੀਜ਼ ਦਾ ਪਹਿਲਾ ਮੁਕਾਬਲਾ ਇਨ੍ਹਾਂ ਦਿਨੀਂ ਖੇਡਿਆ ਜਾ ਰਿਹਾ ਹੈ। ਇਸ ਵਿਚਾਲੇ ਨਿਊਜ਼ੀਲੈਂਡ ਦੇ ਤੇਜ਼ ਗੇਂਦਬਾਜ਼ ਨੀਲ ਵੈਗਨਰ ਦੇ ਘਰ ਕਿਲਕਾਰੀਆਂ ਗੂੰਜੀਆਂ ਹਨ ਭਾਵ ਉਨ੍ਹਾਂ ਦੀ ਪਤਨੀ ਨੇ ਇਕ ਧੀ ਨੂੰ ਜਨਮ ਦਿੱਤਾ ਹੈ। ਦਰਅਸਲ, ਨੀਲ ਵੈਗਰਨ ਨੇ ਆਪਣੇ ਇੰਸਟਾਗ੍ਰਾਮ 'ਤੇ ਪੋਸਟ ਪਾਉਂਦੇ ਹੋਏ ਖਾਸ ਕੈਪਸ਼ਨ ਦਿੱਤਾ, "ਓਲੀਵੀਆ ਵੈਗਨਰ 19 ਫਰਵਰੀ 2020 ਨੂੰ ਪੈਦਾ ਹੋਈ ਹੈ। ਲਾਨਾ ਅਤੇ ਲਿਵੀ ਦੋਵੇਂ ਠੀਕ ਹਨ।"



ਜ਼ਿਕਰਯੋਗ ਹੈ ਕਿ ਨੀਲ ਇਸ ਫੋਟੋ 'ਚ ਆਪਣੀ ਪਤਨੀ ਅਤੇ ਧੀ ਨਾਲ ਦਿਖਾਈ ਦੇ ਰਹੇ ਹਨ।ਜ਼ਿਕਰਯੋਗ ਹੈ ਕਿ ਵੈਗਨਰ ਦੇ ਘਰੇਲੂ ਹਾਲਾਤ ਦਾ ਅੰਦਾਜ਼ਾ ਪਹਿਲਾਂ ਤੋਂ ਹੋਣ ਕਾਰਨ ਕੀਵੀ ਕ੍ਰਿਕਟ ਬੋਰਡ ਨੇ ਅਹਿਤਿਆਤ ਦੇ ਤੌਰ 'ਤੇ ਕਦਮ ਚੁੱਕਦੇ ਹੋਏ ਮੈਟ ਹੈਨਰੀ ਨੂੰ ਬਤੌਰ ਰਿਜ਼ਰਵ ਖਿਡਾਰੀ ਟੀਮ 'ਚ ਨੀਲ ਵੈਗਨਰ ਦੀ ਜਗ੍ਹਾ ਸ਼ਾਮਲ ਕੀਤਾ ਸੀ ਪਰ ਪਲੇਇੰਗ ਇਲੈਵਨ 'ਚ ਕਾਈਲ ਜੈਮੀਸਨ ਨੂੰ ਜਗ੍ਹਾ ਮਿਲੀ। ਉਨ੍ਹਾਂ ਨੇ ਕਪਤਾਨ ਦੇ ਫੈਸਲੇ ਨੂੰ ਸਹੀ ਸਾਬਤ ਕੀਤਾ ਅਤੇ ਭਾਰਤ ਨੂੰ ਸ਼ੁਰੂਆਤੀ ਝਟਕੇ ਦੇਣ 'ਚ ਅਹਿਮ ਭੂਮਿਕਾ ਨਿਭਾਈ।

## ਆਕਲੈਂਡ 'ਚ ਖਿਡੌਣਿਆਂ ਦੇ ਵਿਕਰੇਤਾ ਨੂੰ ਅਸੁਰੱਖਿਅਤ ਖਿਡੌਣਿਆਂ ਦੀ ਸਪਲਾਈ ਕਰਨ 'ਤੇ 81,000 ਡਾਲਰ ਦਾ ਜ਼ੁਰਮਾਨਾ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਖਿਡੌਣਿਆਂ ਦੀ ਸਪਲਾਈ ਕਰਨ ਵਾਲੀ ਕੰਪਨੀ ਨੂੰ ਅਸੁਰੱਖਿਅਤ ਖਿਡੌਣਿਆਂ ਦੀ ਸਪਲਾਈ ਕਰਨ ਲਈ ਵੱਡੀ ਰਕਮ ਦਾ ਜ਼ੁਰਮਾਨਾ ਲਗਾਇਆ ਗਿਆ ਹੈ, ਅਤੇ ਹੋਰ ਚਾਰ ਕੰਪਨੀਆਂ ਨੂੰ ਖਿਡੌਣਿਆਂ ਦੀ ਸੁਰੱਖਿਆ ਨਾਲ ਜੁੜੇ ਦੋਸ਼ਾਂ 'ਤੇ ਅਦਾਲਤ ਦੇ ਸਾਮ੍ਹਣੇ ਪੇਸ਼ ਕੀਤਾ ਗਿਆ।

ਸਿਨੇਵਾਨ ਇੰਟਰਨੈਸ਼ਨਲ ਲਿਮਟਿਡ ਨੂੰ ਕੱਲ੍ਹ ਆਕਲੈਂਡ ਜ਼ਿਲ੍ਹਾ ਅਦਾਲਤ ਵਿੱਚ 81,000 ਡਾਲਰ ਦਾ ਜ਼ੁਰਮਾਨਾ ਕੀਤਾ ਗਿਆ ਸੀ। ਵਣਜ ਕਮਿਸ਼ਨ ਨੇ ਕਿਹਾ ਕਿ ਸਿਨੇਵਾਨ ਦੇ ਕੁਝ ਖਿਡੌਣਿਆਂ 'ਤੇ ਪੈਕਿੰਗ ਵਿਚ ਲੇਬਲ ਜਾਂ ਚਿੰਨ੍ਹਾਂ ਲਗਾਏ ਜੋ ਦਰਸਾਉਂਦੇ ਹਨ ਕਿ ਉਹ ਤਿੰਨ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੁਰੱਖਿ ?ਤ ਨਹੀਂ ਹਨ।

ਵਣਜ ਕਮਿਸ਼ਨ ਦੇ ਸਟੂਅਰਟ ਵਾਲੇਸ ਨੇ ਕਿਹਾ: "ਖਿਡੌਣੇ ਸਪੱਸ਼ਟ ਤੌਰ ਤੇ ਛੋਟੇ ਬੱਚਿਆਂ ਦੁਆਰਾ ਵਰਤਣ ਲਈ ਤਿਆਰ ਕੀਤੇ ਗਏ ਸਨ, ਅਤੇ ਕਾਰੋਬਾਰੀ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਤੋਂ ਬਚਣ ਲਈ ਅਜਿਹੇ ਲੇਬਲ ਨਹੀਂ ਵਰਤ ਸਕਦੇ।"

ਕੰਪਨੀ ਨੇ ਇਸ ਤੋਂ ਪਹਿਲਾਂ ਜਨਵਰੀ ਤੋਂ ਦਸੰਬਰ 2018 ਦਰਮਿਆਨ ਪੰਜ ਖਿਡੌਣਿਆਂ ਜਾਂ ਖਿਡੌਣਿਆਂ ਦੇ ਸੈੱਟਾਂ ਦੀ 2,337 ਇਕਾਈਆਂ ਦੀ ਸਪਲਾਈ ਨਾਲ ਸਬੰਧਤ ਪੰਜ ਪ੍ਰਤੀਨਿਧੀ ਚਾਰਜਾਂ ਲਈ ਦੋਸ਼ੀ ਮੰਨਿਆ ਸੀ।

ਖਿਡੌਣਿਆਂ ਦੀ ਸੁਰੱਖਿਆ ਨਾਲ ਸਬੰਧਤ ਚਾਰ ਹੋਰ ਕੇਸ ਅਦਾਲਤਾਂ ਸਾਹਮਣੇ ਹਨ

ਗ੍ਰੀਨਸਟਾਰ ਹੋਲਡਿੰਗ ਲਿਮਟਿਡ ਫੈਸਲੇ ਦੀ ਉਡੀਕ ਕਰ ਰਿਹਾ ਹੈ। ਇਸਨੂੰ ਨਵੰਬਰ 2017 ਤੋਂ ਫਰਵਰੀ 2019 ਦਰਮਿਆਨ 217 ਖਿਡੌਣੇ ਜਾਨਵਰਾਂ ਦੇ ਸੈੱਟਾਂ ਦੀ ਸਪਲਾਈ ਨਾਲ ਸਬੰਧਤ ਚਾਰ ਪ੍ਰਤੀਨਿਧ ਦੋਸ਼ਾਂ ਨੂੰ ਦੋਸ਼ੀ ਮੰਨਿਆ ਹੈ।

ਫੀਲ ਸੋ ਗੁੱਡ ਲਿਮਟਿਡ ਨੇ ਅਗਸਤ 2014 ਤੋਂ ਦਸੰਬਰ 2018 ਦਰਮਿਆਨ "ਹਾ-ਹਾ ਗਰੋਨ ਹੈਮਰ" ਦੀਆਂ 2,964 ਇਕਾਈਆਂ ਦੀ ਸਪਲਾਈ ਨਾਲ ਜੁੜੇ ਪੰਜ ਪ੍ਰਤੀਨਿਧ ਦੋਸ਼ਾਂ ਨੂੰ ਦੋਸ਼ੀ ਮੰਨਿਆ ਹੈ। ਇਸ ਨੂੰ ਮੈਨੁਕਾਉ ਜ਼ਿਲ੍ਹਾ ਅਦਾਲਤ ਵਿੱਚ 26 ਮਾਰਚ ਨੂੰ ਸਜਾ ਸੁਣਾਈ ਜਾਵੇਗੀ।

ਕੈਂਟ ਸਿੰਗ ਟਰੇਡਿੰਗ ਕੰਪਨੀ ਲਿਮਟਿਡ ਨੂੰ 22 ਅਪ੍ਰੈਲ ਨੂੰ ਮੈਨਿਕਾਉ ਜ਼ਿਲ੍ਹਾ ਅਦਾਲਤ ਵਿੱਚ ਸਜ਼ਾ ਸੁਣਾਈ ਜਾਏਗੀ। ਇਸਨੂੰ ਅਕਤੂਬਰ 2014 ਤੋਂ ਦਸੰਬਰ 2018 ਦਰਮਿਆਨ ਬੇਬੀ ਰੈਟਲ ਖਿਡੌਣਿਆਂ ਦੀ ਸਪਲਾਈ ਨਾਲ ਸਬੰਧਤ ਇੱਕ ਚਾਰਜ 'ਚ ਦੋਸ਼ੀ ਮੰਨਿਆ ਨਗਿਆ ਹੈ।

ਅਤੇ ਐਸਪੋਇਰ ਲਿਮਟਿਡ ਨੂੰ ਦਸੰਬਰ 2014 ਤੋਂ ਦਸੰਬਰ 2018 ਦਰਮਿਆਨ ਖਿਡੌਣਿਆਂ ਦੇ ਜਾਨਵਰਾਂ ਦੇ ਸੈੱਟਾਂ ਦੀ ਸਪਲਾਈ ਨਾਲ ਜੁੜੇ ਪੰਜ ਦੋਸ਼ਾਂ ਲਈ ਦੋਸ਼ੀ ਮੰਨਿਆ ਹੈ। ਇਸ ਨੂੰ ਮੈਨੂਕਾਉ ਜ਼ਿਲ੍ਹਾ ਅਦਾਲਤ ਵਿੱਚ 3 ਅਪ੍ਰੈਲ ਨੂੰ ਸਜ਼ਾ ਸੁਣਾਈ ਜਾਏਗੀ.

ਵਣਜ ਕਮਿਸ਼ਨ ਨੇ ਕਿਹਾ ਕਿ ਟੈਸਟਿੰਗ ਦੇ ਤਹਿਤ ਛੋਟੇ ਹਿੱਸੇ ਸਾਰੇ ਖਿਡੌਣਿਆਂ ਸੈੱਟਾਂ ਤੋਂ ਮੁਕਤ ਹੋ ਜਾਂਦੇ ਹਨ। ਖਿਡੌਣਿਆਂ ਦੇ ਹਿੱਸੇ 36 ਮਹੀਨਿਆਂ ਜਾਂ ਇਸਤੋਂ ਘੱਟ ਉਮਰ ਦੇ ਬੱਚਿਆਂ ਲਈ ਚਿੰਤਾਜਨਕ ਖ਼ਤਰਾ ਸੀ।

ਇਨ੍ਹਾਂ ਮੁਕੱਦਮਿਆਂ ਦਾ ਇੱਕ ਆਮ ਵਿਸ਼ਾ ਇਹ ਹੈ ਕਿ ਕੰਪਨੀਆਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੂੰ ਖਿਡੌਣਿਆਂ ਦੀ ਸੁਰੱਖਿਆ ਦੇ ਮਿਆਰ ਬਾਰੇ ਬਹੁਤ ਘੱਟ ਜਾਂ ਕੋਈ ਜਾਣਕਾਰੀ ਨਹੀਂ ਸੀ ਅਤੇ ਉਨ੍ਹਾਂ ਕੋਲ ਪਾਲਣਾ ਪ੍ਰੋਗਰਾਮ ਨਹੀਂ ਹਨ। ਕਮਿਸ਼ਨ ਅਜਿਹੇ ਮਾਮਲਿਆਂ ਨੂੰ ਉੱਚ ਤਰਜੀਹ ਬਣਾਉਣਾ ਜਾਰੀ ਰੱਖੇਗਾ ਕਿਉਂਕਿ ਉਹ ਛੋਟੇ ਬੱਚਿਆਂ ਦੀ ਸੁਰੱਖਿਆ ਬਾਰੇ ਹਨ।

